

## ਕੀ ਮੈਨੂੰ ਪੈਪ ਟੈੱਸਟ ਕਰਵਾਉਣਾ ਚਾਹੀਦਾ ਹੈ?

21 ਤੋਂ 69 ਸਾਲ ਦੀ ਉਮਰ ਦੀਆਂ ਔਰਤਾਂ ਨੂੰ ਨੇਮ ਨਾਲ ਪੈਪ ਟੈੱਸਟ ਕਰਵਾਉਣੇ ਚਾਹੀਦੇ ਹਨ।

ਤੁਹਾਨੂੰ ਆਪਣੇ ਪੈਪ ਟੈੱਸਟ 21 ਸਾਲ ਦੀ ਉਮਰ ਤੋਂ ਕਰਵਾਉਣੇ ਸ਼ੁਰੂ ਕਰਨੇ ਚਾਹੀਦੇ ਹਨ ਜਾਂ ਪਹਿਲੇ ਕਾਮੁਕ ਸੰਪਰਕ ਤੋਂ ਬਾਅਦ ਤਿੰਨ ਸਾਲਾਂ ਦੇ ਵਿਚ ਵਿਚ ਸ਼ੁਰੂ ਕਰਨੇ ਚਾਹੀਦੇ ਹਨ। ਪਹਿਲੇ ਤਿੰਨ ਸਾਲਾਂ ਲਈ ਹਰ ਸਾਲ ਪੈਪ ਟੈੱਸਟ ਕਰਵਾ ਕੇ ਸ਼ੁਰੂ ਕਰੋ; ਜੇ ਤੁਹਾਡੇ ਨਤੀਜੇ ਨੌਰਮਲ (ਸਾਧਾਰਣ) ਹੋਣ ਤਾਂ ਫਿਰ ਹਰ ਦੋ ਸਾਲਾਂ ਬਾਅਦ ਕਰਵਾਉਣਾ ਚਾਹੀਦਾ ਹੈ। ਜੇ ਤੁਹਾਡੇ ਨਤੀਜੇ ਸਦਾ ਹੀ ਨੌਰਮਲ ਰਹੇ ਹੋਣ ਤਾਂ ਤੁਸੀਂ 69 ਸਾਲ ਦੀ ਉਮਰ ’ਤੇ ਪੈਪ ਟੈੱਸਟ ਕਰਵਾਉਣਾ ਬੰਦ ਕਰ ਸਕਦੇ ਹੋ। ਆਪਣੇ ਡਾਕਟਰ ਨੂੰ ਪੁੱਛੋ ਕਿ ਕੀ ਤੁਹਾਡਾ ਅਜੇ ਵੀ ਟੈੱਸਟ ਹੋਣਾ ਚਾਹੀਦਾ ਹੈ ਜਾਂ ਨਹੀਂ।

ਤੁਹਾਨੂੰ ਅਜੇ ਵੀ ਨੇਮ ਨਾਲ ਪੈਪ ਟੈੱਸਟ ਕਰਵਾਉਣੇ ਚਾਹੀਦੇ ਹਨ ਜੇ:

- ਤੁਹਾਡੀ ਮਾਹਵਾਰੀ ਪੱਕੇ ਤੌਰ ’ਤੇ ਬੰਦ ਹੋ ਗਈ ਹੈ
- ਤੁਹਾਡਾ ਸਿਰਫ ਇੱਕੋ ਹੀ ਸੰਭੋਗ ਸਾਥੀ ਰਿਹਾ ਹੈ
- ਤੁਸੀਂ ਸੰਭੋਗ ਨਹੀਂ ਕਰ ਰਹੇ ਹੋ
- ਤੁਸੀਂ ਐੱਚ ਪੀ ਵੀ ਵੈਕਸੀਨ ਲਵਾਈ ਹੋਈ ਹੈ
- ਤੁਸੀਂ ਸਮਲਿੰਗੀ ਰਿਸ਼ਤੇ ਵਿਚ ਹੋ
- ਤੁਸੀਂ ਇੱਕੋ ਪਾਰਟਨਰ ਨਾਲ ਕਾਫੀ ਸਮੇਂ ਤੋਂ ਹੋ
- ਤੁਸੀਂ ਸਰਵਿਕਸ ਵਾਲੇ ਟ੍ਰਾਂਸਜੈਂਡਰਜ਼ ਵਿਅਕਤੀ ਹੋ

ਜੇ ਤੁਸੀਂ ਕਦੇ ਵੀ ਸੰਭੋਗ ਨਹੀਂ ਕੀਤਾ ਤਾਂ ਇਹ ਪਤਾ ਲਾਉਣ ਲਈ ਆਪਣੇ ਡਾਕਟਰ ਨਾਲ ਗੱਲ ਕਰੋ ਕਿ ਕੀ ਪੈਪ ਟੈੱਸਟ ਤੁਹਾਡੇ ਲਈ ਠੀਕ ਹੈ।

ਜੇ ਤੁਹਾਡੀ ਯੋਨੀ ਵਿੱਚੋਂ ਕੋਈ ਅਸਾਧਾਰਣ ਬਲੀਡਿੰਗ ਹੋਈ ਹੋਵੇ (ਜਿਸ ਤਰ੍ਹਾਂ ਦੀ ਬਲੀਡਿੰਗ ਮਾਹਵਾਰੀ ਦੇ ਸਮਿਆਂ ਦੇ ਵਿਚਕਾਰ ਹੁੰਦੀ ਹੈ, ਸੰਭੋਗ ਕਰਨ ਤੋਂ ਬਾਅਦ ਜਾਂ ਮਾਹਵਾਰੀ ਪੱਕੇ ਤੌਰ ’ਤੇ ਬੰਦ ਹੋ ਜਾਣ ਤੋਂ ਬਾਅਦ ਹੁੰਦੀ ਹੈ), ਯੋਨੀ ਵਿੱਚੋਂ ਅਸਾਧਾਰਣ ਜਾਂ ਲਗਾਤਾਰ ਮੁਆਦ ਨਿਕਲਿਆ ਹੋਵੇ, ਜਾਂ ਪੇਡੂ (ਪੈਲਵਿਕ) ਵਿਚ ਦਰਦ ਹੁੰਦੀ ਹੋਵੇ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ ਕਰੋ। ਤੁਹਾਡੀ ਸਿਹਤ ’ਤੇ ਨਿਗਰਾਨੀ ਰੱਖਣਾ ਅਤੇ ਕਿਸੇ ਵੀ ਅਸਾਧਾਰਣ ਤਬਦੀਲੀਆਂ ਤੋਂ ਜਾਣੂ ਹੋਣਾ ਜ਼ਰੂਰੀ ਹੈ – ਭਾਵੇਂ ਤੁਹਾਡਾ ਪੈਪ ਟੈੱਸਟ ਹੁਣੇ ਹੁਣੇ ਠੀਕ ਆਇਆ ਹੋਵੇ।

## ਵਿਚਾਰਨ ਵਾਲੀਆਂ ਚੀਜ਼ਾਂ:

ਕੋਈ ਵੀ ਟੈੱਸਟ ਸੰਪੂਰਨ ਨਹੀਂ ਹੈ। ਟੈੱਸਟ ਦੀ ਦਰੁਸਤੀ ਕੈਂਸਰ ਦੇ ਸਥਾਨ, ਲਏ ਗਏ ਨਮੂਨੇ ਅਤੇ ਔਰਤ ਦੇ ਸਰੀਰਕ ਲੱਛਣਾਂ ’ਤੇ ਨਿਰਭਰ ਕਰਦੀ ਹੈ।

ਭਾਵੇਂ ਕਿ ਬਹੁਤੇ ਨਤੀਜੇ ਸਹੀ ਹੁੰਦੇ ਹਨ, ਪਰ ਕੁਝ ਕੇਸ ਅਜਿਹੇ ਹੁੰਦੇ ਹਨ ਜਿੱਥੇ ਔਰਤਾਂ ਦੀ ਬੱਚੇਦਾਨੀ ਦੇ ਮੂੰਹ ਵਿਚ ਅਸਾਧਾਰਣਤਾ ਦੀ ਪਛਾਣ ਹੁੰਦੀ ਹੈ ਜਦ ਕਿ ਅਗਾਂਹ ਹੋਰ ਟੈੱਸਟ ਦਿਖਾਉਂਦੇ ਹਨ ਕਿ ਹਰ ਇਕ ਚੀਜ਼ ਨੌਰਮਲ (ਗਲਤ-ਪੌਜ਼ਟਿਵ) ਹੈ ਅਤੇ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦੇ ਕੁਝ ਕੇਸ ਅਜਿਹੇ ਹੁੰਦੇ ਹਨ ਜਿਨ੍ਹਾਂ ਦੀ ਪਛਾਣ ਨਹੀਂ ਹੁੰਦੀ (ਗਲਤ-ਨੈਗਟਿਵ)। ਪਰ, ਪੈਪ ਟੈੱਸਟ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਤੋਂ ਰੋਕਥਾਮ ਕਰਨ ਲਈ ਇਕ ਅਸਰਦਾਰ ਢੰਗ ਸਾਬਤ ਹੋਏ ਹਨ।

ਕਿਸੇ ਅਸਾਧਾਰਣ ਪੈਪ ਟੈੱਸਟ ਤੋਂ ਬਾਅਦ ਕੋਲਪੋਸਕੋਪੀ ਜਾਂ ਬਾਅਦ ਦੇ ਹੋਰ ਇਲਾਜ ਦੀ ਸਿਫਾਰਸ਼ ਕੀਤੀ ਜਾ ਸਕਦੀ ਹੈ। ਇਨ੍ਹਾਂ ਇਲਾਜਾਂ ਦੇ ਬੱਚੇ ਪੈਦਾ ਕਰਨ ਦੀ ਸਮਰੱਥਾ ਅਤੇ ਗਰਭ ਠਹਿਰਨ ਬਾਰੇ ਲੰਮਾ ਸਮਾਂ ਰਹਿਣ ਵਾਲੇ ਸਿੱਟੇ ਨਿਕਲ ਸਕਦੇ ਹਨ।

ਇਹ ਨੁਕਸਾਨ 25 ਸਾਲ ਜਾਂ ਘੱਟ ਉਮਰ ਦੀਆਂ ਔਰਤਾਂ ਲਈ ਜ਼ਿਆਦਾ ਹਨ ਕਿਉਂਕਿ ਉਮਰ ਦੇ ਇਸ ਗਰੁੱਪ ਵਿਚ ਅਜਿਹੇ ਵਿਗਾੜਾਂ ਦੀ ਹੋਂਦ ਜ਼ਿਆਦਾ ਹੁੰਦੀ ਹੈ ਜਿਹੜੇ ਕਿ ਅਕਸਰ ਇਲਾਜ ਤੋਂ ਬਿਨਾਂ ਠੀਕ ਹੋ ਜਾਂਦੇ ਹਨ। 25 ਸਾਲ ਅਤੇ ਘੱਟ ਉਮਰ ਦੀਆਂ ਔਰਤਾਂ ਵਿਚ ਖਤਰਾ ਵੀ ਜ਼ਿਆਦਾ ਹੈ ਕਿਉਂਕਿ ਉਨ੍ਹਾਂ ਵਿਚ ਗਲਤ-ਪੌਜ਼ਟਿਵ ਦੀ ਦਰ ਜ਼ਿਆਦਾ ਹੈ। ਇਸ ਉਮਰ ਗਰੁੱਪ ਦੀਆਂ ਔਰਤਾਂ ਨੂੰ ਇਹ ਪਤਾ ਲਾਉਣ ਲਈ ਆਪਣੇ ਡਾਕਟਰ ਨਾਲ ਗੱਲ ਕਰਨੀ ਚਾਹੀਦੀ ਹੈ ਕਿ ਕੀ ਪੈਪ ਟੈੱਸਟ ਉਨ੍ਹਾਂ ਲਈ ਠੀਕ ਹਨ।

## ਸਾਡੇ ਨਾਲ ਸੰਪਰਕ ਕਰੋ


Cervical Screening Program
801–686 West Broadway
Vancouver, BC V5Z1G1

screening@bccancer.bc.ca



BC Cancer Agency
CARE + RESEARCH
An agency of the Provincial Health Services Authority

BRITISH COLUMBIA

Provincial Health Services Authority
Province-wide solutions. Better health.

Version: Punjabi, August 2014


BC Cancer Agency
CARE + RESEARCH
*An agency of the Provincial Health Services Authority*

# ਕੀ ਬੱਚੇਦਾਨੀ ਦੇ ਮੂੰਹ ਦਾ ਟੈੱਸਟ ਤੁਹਾਡੇ ਲਈ ਠੀਕ ਹੈ?



www.screeningbc.ca/cervix

# ਪੈਪ ਟੈੱਸਟ ਬੱਚੇਦਾਨੀ ਦੇ ਮੂੰਹ ਦੀ ਕੈਂਸਰ (ਸਰਵੀਕਲ ਕੈਂਸਰ) ਤੋਂ ਰੋਕਥਾਮ ਕਰ ਸਕਦਾ ਹੈ, ਅਤੇ ਇਹ ਬੱਚੇਦਾਨੀ ਦੇ ਮੂੰਹ ਵਿਚਲੇ ਅਸਾਧਾਰਣ ਸੈੱਲਾਂ ਦਾ ਪਤਾ ਲਾਉਣ ਦਾ ਇੱਕੋ ਇਕ ਤਰੀਕਾ ਹੈ।

ਹਰ ਦੋ ਸਾਲਾਂ ਬਾਅਦ ਪੈਪ ਟੈੱਸਟ ਕਰਵਾ ਕੇ ਤੁਸੀਂ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦਾ ਆਪਣਾ ਖਤਰਾ 70 ਪ੍ਰਤੀਸ਼ਤ ਤੱਕ ਘਟਾ ਸਕਦੇ ਹੋ।

ਪੈਪ ਟੈੱਸਟ ਬੱਚੇਦਾਨੀ ਦੇ ਮੂੰਹ (ਸਰਵਿਕਸ) ਵਿਚਲੇ ਅਸਾਧਾਰਣ ਸੈੱਲਾਂ ਦਾ ਪਤਾ ਲਾ ਸਕਦਾ ਹੈ। ਜੇ ਇਨ੍ਹਾਂ ਸੈੱਲਾਂ ਦਾ ਪਤਾ ਛੇਤੀ ਲੱਗ ਜਾਵੇ ਤਾਂ ਇਨ੍ਹਾਂ ਦਾ ਇਲਾਜ ਕੀਤਾ ਜਾ ਸਕਦਾ ਹੈ ਅਤੇ ਕੈਂਸਰ ਨੂੰ ਵਧਣ ਤੋਂ ਰੋਕਿਆ ਜਾ ਸਕਦਾ ਹੈ। ਪੈਪ ਟੈੱਸਟ ਕੈਂਸਰ ਦਾ ਅਗੇਤੀ ਸਟੇਜ ’ਤੇ ਪਤਾ ਵੀ ਲਾ ਸਕਦੇ ਹਨ। ਜੇ ਬੱਚੇਦਾਨੀ ਦੀ ਕੈਂਸਰ ਆਪਣੀ ਸ਼ੁਰੂ ਦੀ ਸਟੇਜ ’ਤੇ ਫੜੀ ਜਾਵੇ ਤਾਂ ਬਚਣ ਦੇ ਮੌਕੇ 85 ਪ੍ਰਤੀਸ਼ਤ ਨਾਲੋਂ ਜ਼ਿਆਦਾ ਹਨ।

ਇਹ ਟੈੱਸਟ ਮੁਫਤ ਹੈ ਅਤੇ ਇਸ ਨੂੰ ਕਰਨ ਲਈ ਕੁਝ ਕੁ ਮਿੰਟ ਹੀ ਲੱਗਦੇ ਹਨ। ਤੁਹਾਡਾ ਪੈਪ ਟੈੱਸਟ ਕਿਸੇ ਡਾਕਟਰ, ਨਰਸ ਪ੍ਰੈਕਟੀਸ਼ਨਰ, ਰਜਿਸਟਰਿਡ ਨਰਸ, ਮਿਡਵਾਈਫ ਜਾਂ ਨੈਚਰੋਪੈਥਿਕ ਡਾਕਟਰ ਵਲੋਂ ਆਪਣੇ ਦਫਤਰ ਜਾਂ ਕਲੀਨਿਕ ਵਿਚ ਕੀਤਾ ਜਾ ਸਕਦਾ ਹੈ।

## ਪੈਪ ਟੈੱਸਟ ਮਹੱਤਵਪੂਰਨ ਕਿਉਂ ਹਨ?

ਪੈਪ ਟੈੱਸਟ ਤੁਹਾਡੀ ਬੱਚੇਦਾਨੀ ਦੇ ਮੂੰਹ (ਸਰਵਿਕਸ) ’ਤੇ ਅਸਾਧਾਰਣ ਸੈੱਲਾਂ ਦਾ ਪਤਾ ਉਨ੍ਹਾਂ ਦੇ ਕੈਂਸਰ ਬਣਨ ਤੋਂ ਪਹਿਲਾਂ ਲਾ ਸਕਦਾ ਹੈ। ਜੇ ਇਨ੍ਹਾਂ ਤਬਦੀਲੀਆਂ ਦਾ ਪਤਾ ਛੇਤੀ ਲੱਗ ਜਾਵੇ ਅਤੇ ਛੇਤੀ ਇਲਾਜ ਹੋ ਜਾਵੇ ਤਾਂ ਸਰਵੀਕਲ ਕੈਂਸਰ ਤੋਂ ਰੋਕਥਾਮ ਹੋ ਸਕਦੀ ਹੈ।

ਜਿਹੜੀਆਂ ਔਰਤਾਂ ਨੇਮ ਨਾਲ ਪੈਪ ਟੈੱਸਟ ਕਰਵਾਉਂਦੀਆਂ ਹਨ ਉਨ੍ਹਾਂ ਨੂੰ ਬੱਚੇਦਾਨੀ ਦੇ ਮੂੰਹ ਦੀ ਕੈਂਸਰ (ਸਰਵੀਕਲ ਕੈਂਸਰ) ਹੋਣ ਦਾ ਖਤਰਾ ਘੱਟ ਹੁੰਦਾ ਹੈ। ਬੀ ਸੀ ਵਿਚਲੀਆਂ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਵਾਲੀਆਂ ਬਹੁਗਿਣਤੀ ਔਰਤਾਂ ਨੇ ਪਿਛਲੇ ਪੰਜ ਸਾਲਾਂ ਵਿਚ ਪੈਪ ਟੈੱਸਟ ਨਹੀਂ ਕਰਵਾਇਆ ਹੁੰਦਾ।

## ਪੈਪ ਟੈੱਸਟ ਦੌਰਾਨ ਕੀ ਹੁੰਦਾ ਹੈ?

ਸਪੈਕੂਲਮ ਨਾਂ ਦਾ ਇਕ ਯੰਤਰ ਬੜੀ ਸਹਿਜ ਨਾਲ ਯੋਨੀ (ਵਜਾਇਨਾ) ਵਿਚ ਪਾਇਆ ਜਾਂਦਾ ਹੈ ਤਾਂ ਜੋ ਡਾਕਟਰ ਤੁਹਾਡੀ ਬੱਚੇਦਾਨੀ ਦੇ ਮੂੰਹ ਨੂੰ ਦੇਖ ਸਕੇ। ਫਿਰ ਡਾਕਟਰ ਇਕ ਛੋਟੇ ਬੁਰਸ਼ ਜਾਂ ਸਪੈਚੂਲਾ ਦੀ ਵਰਤੋਂ ਕਰਦੇ ਹੋਏ ਤੁਹਾਡੀ ਬੱਚੇਦਾਨੀ ਦੇ ਮੂੰਹ ਵਿੱਚੋਂ ਕੁਝ ਸੈੱਲ ਲਵੇਗੀ/ਲਵੇਗਾ।

ਪੈਪ ਟੈੱਸਟ ਦਰਦ ਕਰਨ ਵਾਲਾ ਨਹੀਂ ਹੋਣਾ ਚਾਹੀਦਾ ਪਰ ਕੁਝ ਔਰਤਾਂ ਲਈ ਇਹ ਬੇਆਰਾਮੀ ਕਰਨ ਵਾਲਾ ਹੋ ਸਕਦਾ ਹੈ।

## ਤੁਹਾਨੂੰ ਕੀ ਜਾਣਨਾ ਚਾਹੀਦਾ ਹੈ

Women Ages 21-69

21-69 ਸਾਲ ਦੀ ਉਮਰ ਦੀਆਂ ਔਰਤਾਂ ਨੂੰ ਹਰ ਦੋ ਸਾਲਾਂ ਬਾਅਦ ਪੈਪ ਟੈੱਸਟ ਕਰਵਾਉਣਾ ਚਾਹੀਦਾ ਹੈ।

ਹਰ ਦੋ ਸਾਲਾਂ ਬਾਅਦ ਪੈਪ ਟੈੱਸਟ ਕਰਵਾ ਕੇ ਤੁਸੀਂ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦਾ ਆਪਣਾ ਖਤਰਾ 70 ਪ੍ਰਤੀਸ਼ਤ ਘਟਾ ਸਕਦੇ ਹੋ

70%

ਪੈਪ ਟੈੱਸਟ, ਬੱਚੇਦਾਨੀ ਦੇ ਮੂੰਹ ਵਿਚ ਅਸਾਧਾਰਣ ਸੈੱਲਾਂ ਦਾ ਪਤਾ ਲਾ ਸਕਦਾ ਹੈ, ਜਿਸ ਦਾ ਜੇ ਛੇਤੀ ਇਲਾਜ ਹੋ ਜਾਵੇ ਤਾਂ ਇਹ ਕੈਂਸਰ ਨੂੰ ਵਧਣ ਤੋਂ ਰੋਕ ਸਕਦਾ ਹੈ।

## ਅਸਾਧਾਰਣ ਨਤੀਜੇ ਦਾ ਕੀ ਕਾਰਨ ਹੈ?

ਇਨਫੈਕਸ਼ਨ, ਸੋਜਸ਼ ਜਾਂ ਹਾਰਮੋਨ ਵਿਚ ਤਬਦੀਲੀਆਂ ਪੈਪ ਟੈੱਸਟ ਦੇ ਅਸਾਧਾਰਣ (ਅਬਨੌਰਮਲ) ਨਤੀਜਿਆਂ ਦਾ ਕਾਰਨ ਬਣ ਸਕਦੀਆਂ ਹਨ। ਪਰ, ਬਹੁਤੇ ਅਸਾਧਾਰਣ ਨਤੀਜੇ ਇਕ ਆਮ ਵਾਇਰਸ ਕਾਰਨ ਹੁੰਦੇ ਹਨ ਜਿਸ ਨੂੰ ਹਿਊਮਨ ਪਾਪੀਲੋਮਾਵਾਇਰਸ (ਐੱਚ ਪੀ ਵੀ) ਆਖਿਆ ਜਾਂਦਾ ਹੈ। ਐੱਚ ਪੀ ਵੀ ਕਿਸੇ ਤਰ੍ਹਾਂ ਦੇ ਵੀ ਕਾਮੁਕ ਸੰਪਰਕ ਨਾਲ ਸੌਖ ਨਾਲ ਫੈਲ ਜਾਂਦਾ ਹੈ। ਇਸ ਵਿਚ ਲਿੰਗਕ ਛੂਹ, ਜ਼ਬਾਨੀ, ਯੋਨੀ ਅਤੇ ਗੁਦਾ ਸੈਕਸ ਸ਼ਾਮਲ ਹਨ। ਆਪਣੀਆਂ ਜ਼ਿੰਦਗੀਆਂ ਵਿਚ ਤਕਰੀਬਨ ਹਰ ਇਕ ਨੂੰ ਕਿਸੇ ਵੇਲੇ ਐੱਚ ਪੀ ਵੀ ਲੱਗੇਗਾ – ਅਕਸਰ ਇਸ ਬਾਰੇ ਬਿਨਾਂ ਜਾਣਦੇ ਹੋਏ। ਆਮ ਤੌਰ ’ਤੇ ਸਰੀਰ ਦਾ ਇਮਿਊਨ ਸਿਸਟਮ (ਬੀਮਾਰੀਆਂ ਦਾ ਮੁਕਾਬਲਾ ਕਰਨ ਵਾਲਾ ਸਿਸਟਮ) ਦੋ ਸਾਲਾਂ ਵਿਚ ਵਾਇਰਸ ਨੂੰ ਆਪਣੇ ਆਪ ਹੀ ਸਰੀਰ ਵਿੱਚੋਂ ਕੱਢ ਦਿੰਦਾ ਹੈ।

ਕੁਝ ਔਰਤਾਂ ਵਿਚ ਐੱਚ ਪੀ ਵੀ ਸਰੀਰ ਵਿੱਚੋਂ ਨਹੀਂ ਨਿਕਲਦਾ। ਸਮਾਂ ਪਾ ਕੇ ਇਹ ਬੱਚੇਦਾਨੀ ਦੇ ਮੂੰਹ ਵਿਚਲੇ ਸੈੱਲਾਂ ਵਿਚ ਤਬਦੀਲੀਆਂ ਕਰ ਸਕਦਾ ਹੈ ਜਿਹੜੀਆਂ ਤੁਸੀਂ ਦੇਖ ਜਾਂ ਮਹਿਸੂਸ ਨਹੀਂ ਕਰ ਸਕਦੇ। ਜੇ ਇਨ੍ਹਾਂ ਦਾ ਛੇਤੀ ਪਤਾ ਨਾ ਲਾਇਆ ਜਾਵੇ ਅਤੇ ਇਲਾਜ ਨਾ ਕੀਤਾ ਜਾਵੇ ਤਾਂ ਇਹ ਸੈੱਲ, ਬੱਚੇਦਾਨੀ ਦੇ ਮੂੰਹ ਦੀ ਕੈਂਸਰ ਵਿਚ ਬਦਲ ਸਕਦੇ ਹਨ।



## ਅਸਾਧਾਰਣ ਪੈਪ ਨਤੀਜੇ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ

ਅਸਾਧਾਰਣ ਪੈਪ ਨਤੀਜੇ ਦਾ ਮਤਲਬ ਹੈ ਕਿ ਤੁਹਾਡੇ ਬੱਚੇਦਾਨੀ ਦੇ ਮੂੰਹ ’ਤੇ ਅਜਿਹੇ ਸੈੱਲ ਲੱਭੇ ਹਨ ਜਿਹੜੇ ਨੌਰਮਲ ਨਹੀਂ ਦਿਖਾਈ ਦਿੰਦੇ।

ਪੈਪ ਟੈੱਸਟ ਦਾ ਅਸਾਧਾਰਣ ਨਤੀਜਾ ਆਮ ਗੱਲ ਹੈ ਅਤੇ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ। ਪੈਪ ਟੈੱਸਟ ਦੇ ਅਸਾਧਾਰਣ ਨਤੀਜੇ ਵਾਲੀਆਂ ਔਰਤਾਂ ਵਿਚ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਬਹੁਤ ਘੱਟ ਹੁੰਦੀ ਹੈ; ਪਰ, ਟੈੱਸਟਾਂ ਅਤੇ ਇਲਾਜਾਂ ਲਈ ਬਾਅਦ ਦੀਆਂ ਸਾਰੀਆਂ ਅਪੌਇੰਟਮੈਂਟਾਂ ’ਤੇ ਜਾਣਾ ਬਹੁਤ ਜ਼ਰੂਰੀ ਹੈ ਜਿਨ੍ਹਾਂ ਦੀ ਲੋੜ ਹੋ ਸਕਦੀ ਹੈ।

## ਬੱਚੇਦਾਨੀ ਦੇ ਮੂੰਹ ਦੀ ਕੈਂਸਰ ਹੋਣ ਦਾ ਆਪਣਾ ਖਤਰਾ ਮੈਂ ਕਿਵੇਂ ਘਟਾ ਸਕਦੀ ਹਾਂ?

ਬੱਚੇਦਾਨੀ ਦੇ ਮੂੰਹ ਦੀ ਕੈਂਸਰ ਤੋਂ ਰੋਕਥਾਮ ਕਰਨ ਲਈ ਔਰਤਾਂ ਦੋ ਕਦਮ ਚੁੱਕ ਸਕਦੀਆਂ ਹਨ – ਨੇਮ ਨਾਲ ਪੈਪ ਟੈੱਸਟ ਕਰਵਾਉਣਾ ਅਤੇ 9-45 ਸਾਲ ਦੀ ਉਮਰ ਦੇ ਵਿਚਕਾਰ ਐੱਚ ਪੀ ਵੀ ਵੈਕਸੀਨ ਲੈਣਾ।

ਐੱਚ ਪੀ ਵੀ ਵੈਕਸੀਨ, ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦੇ ਬਹੁਤੇ ਕੇਸਾਂ ਦਾ ਕਾਰਨ ਬਣਨ ਵਾਲੀਆਂ ਐੱਚ ਪੀ ਵੀ ਦੀਆਂ ਦੋ ਕਿਸਮਾਂ ਤੋਂ ਰੱਖਿਆ ਕਰਦੀ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਜਿਨ੍ਹਾਂ ਔਰਤਾਂ ਨੇ ਵੈਕਸੀਨ ਲਈ ਹੁੰਦੀ ਹੈ, ਉਨ੍ਹਾਂ ਨੂੰ ਅਜੇ ਵੀ ਨੇਮ ਨਾਲ ਪੈਪ ਟੈੱਸਟ ਕਰਵਾਉਣ ਦੀ ਲੋੜ ਹੁੰਦੀ ਹੈ ਕਿਉਂਕਿ ਵੈਕਸੀਨ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦਾ ਕਾਰਨ ਬਣਨ ਵਾਲੀਆਂ ਐੱਚ ਪੀ ਵੀ ਦੀਆਂ ਸਾਰੀਆਂ ਕਿਸਮਾਂ ਤੋਂ ਰੱਖਿਆ ਨਹੀਂ ਕਰਦੀ। ਵੈਕਸੀਨ ਬਾਰੇ ਜ਼ਿਆਦਾ ਸਿੱਖਣ ਲਈ www.immunizebc.ca ’ਤੇ ਜਾਉ।